# ਪੰਜਾਬ ਸਕੂਲ ਸਿੱਖਿਆ ਬੋਰਡ
ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062
**( ਕਾਰਜ ਸੰਚਾਲਨ ਸ਼ਾਖਾ )**

ਨੰ: ਪਸਸਬ-ਕਸ-2015/4435-4436
ਮਿਤੀ :23-6-2015

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ)/ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ
........................................
........................................

ਵਿਸ਼ਾ:- ***ਬਾਰ੍ਹਵੀਂ ਸ਼੍ਰੇਣੀ ਅਨੁਪੂਰਕ ਪ੍ਰਯੋਗੀ ਪ੍ਰੀਖਿਆ ਜੁਲਾਈ 2015 ਦੇ ਸਾਇੰਸ , ਕਾਮਰਸ , ਹਿਊਮੈਨਟੀਜ਼ ਅਤੇ ਵੋਕੇਸ਼ਨਲ ਗਰੁੱਪ (ਓਪਨ ਸਕੂਲ ਨੂੰ ਛੱਡ ਕੇ) ਦੇ ਸੰਚਾਲਨ ਸਬੰਧੀ।***

ਵਿਸ਼ੇ ਅਧੀਨ ਦਰਸਾਈ ਸ਼੍ਰੇਣੀ ਦੀ ਪ੍ਰਯੋਗੀ ਪ੍ਰੀਖਿਆ ਮਿਤੀ 03-7-2015 ਨੂੰ ਆਪ ਦੇ ਜ਼ਿਲ੍ਹੇ ਵਿਖੇ ਨੱਥੀ ਬਿਲਡਿੰਗ ਨੋਟਿਸ ਅਨੁਸਾਰ ਸਥਾਪਿਤ ਪ੍ਰੀਖਿਆ ਕੇਂਦਰ ਵਿਖੇ ਕਰਵਾਈ ਜਾ ਰਹੀ ਹੈ। ਜਿਹਨਾਂ ਪ੍ਰੀਖਿਆਰਥੀਆਂ ਨੇ ਦੁਬਾਰਾ ਪ੍ਰਯੋਗੀ ਪ੍ਰੀਖਿਆ ਦੇਣ ਦੀ ਸਹਿਮਤੀ ਦਿੱਤੀ ਹੈ, ਉਹਨਾਂ ਸਾਰੇ ਪ੍ਰੀਖਿਆਰਥੀਆਂ ਦੀ ਪ੍ਰਯੋਗੀ ਪ੍ਰੀਖਿਆ ਆਪ ਜੀ ਦੇ ਜ਼ਿਲ੍ਹੇ ਵਿਖੇ ਬਣਾਏ ਇੱਕੋ ਪ੍ਰਯੋਗੀ ਪ੍ਰੀਖਿਆ ਕੇਂਦਰ ਵਿੱਚ ਹੋਣੀ ਹੈ। ਇਹ ਪ੍ਰਯੋਗੀ ਪ੍ਰੀਖਿਆ ਸਵੇਰੇ 09.00 ਤੋਂ ਸ਼ਾਮ 06.00 ਵਜੇ ਪ੍ਰੀਖਿਆਰਥੀਆਂ ਦੀ ਸੁਵਿਧਾ ਅਨੁਸਾਰ ਗਰੁੱਪ ਬਣਾ ਕੇ ਕਰਵਾਈ ਜਾਵੇ।

ਜਿਸ ਸਕੂਲ ਵਿੱਚ ਪ੍ਰਯੋਗੀ ਪ੍ਰੀਖਿਆ ਲਈ ਕੇਂਦਰ ਬਣਾਇਆ ਗਿਆ ਹੈ, ਪ੍ਰਯੋਗੀ ਪ੍ਰੀਖਿਆ ਉਸੇ ਸਕੂਲ ਦੇ ਲੈਕਚਰਾਰ/ਅਧਿਆਪਕ ਵੱਲੋਂ ਮੌਕੇ ਤੇ ਹੀ ਪੇਪਰ ਸੈੱਟ ਕਰਕੇ ਲਈ ਜਾਵੇਗੀ। ਜੇਕਰ ਸਕੂਲ ਵਿੱਚ ਸਬੰਧਤ ਪ੍ਰਯੋਗੀ ਵਿਸ਼ੇ ਦਾ ਪ੍ਰੀਖਿਅਕ ਨਹੀਂ ਹੈ ਤਾਂ ਆਪ ਵਲੋਂ ਪ੍ਰਬੰਧ ਕਰ ਦਿੱਤਾ ਜਾਵੇ। ਪ੍ਰੀਖਿਆ ਖਤਮ ਹੋਣ ਤੋਂ ਬਾਅਦ ਅਗਲੇ ਹੀ ਦਿਨ ਮਿਤੀ 4-7-2015 ਨੂੰ ਅਵਾਰਡਾਂ ਸੀਲਬੰਦ ਲਿਫਾਫੇ ਵਿੱਚ ਬੰਦ ਕਰਕੇ ਸਹਾਇਕ ਸਕੱਤਰ (ਗੁਪਤ-2) ਪੰਜਾਬ ਸਕੂਲ ਸਿੱਖਿਆ ਬੋਰਡ ਫੇਜ਼-8, ਐਸ.ਏ.ਐਸ ਨਗਰ , ਕੋਲ ਦਸਤੀ ਜਾਂ ਡਾਕ ਰਾਹੀਂ ਤੁਰੰਤ ਭੇਜੀਆ ਜਾਣ।

ਨੱਥੀ: ਬਿਲਡਿੰਗ ਨੋਟਿਸ

23/06/15

ਉਪ ਸਕੱਤਰ(ਕਾਰਜ ਸੰਚਾਲਨ)
ਵਾਸਤੇ ਸਕੱਤਰ

# ਪੰਜਾਬ ਸਕੂਲ ਸਿੱਖਿਆ ਬੋਰਡ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062**

**( ਕਾਰਜ ਸੰਚਾਲਨ ਸ਼ਾਖਾ )**

ਨੰ: ਪਸਸਬ-ਕਸ-2015/4435-4436

ਮਿਤੀ: 23-6-2015

ਵੱਲ

ਸਮੂਹ ਕੇਂਦਰ ਸੁਪਰਡੰਟ/ਪ੍ਰਿੰਸੀਪਲ

.......................................

.......................................

ਵਿਸ਼ਾ:- ***ਬਾਰ੍ਹਵੀਂ ਸ਼੍ਰੇਣੀ ਅਨੁਪੂਰਕ ਪ੍ਰਯੋਗੀ ਪ੍ਰੀਖਿਆ ਜੁਲਾਈ 2015 ਦੇ ਸਾਇੰਸ , ਕਾਮਰਸ , ਹਿਊਮੈਨਟੀਜ਼ ਅਤੇ ਵੋਕੇਸ਼ਨਲ ਗਰੁੱਪ (ਓਪਨ ਸਕੂਲ ਨੂੰ ਛੱਡ ਕੇ) ਦੇ ਸੰਚਾਲਨ ਸਬੰਧੀ।***

ਵਿਸ਼ੇ ਅਧੀਨ ਦਰਸਾਈ ਸ਼੍ਰੇਣੀ ਦੇ ਸਾਰੇ ਵਿਸ਼ਿਆ ਦੀ ਪ੍ਰਯੋਗੀ ਪ੍ਰੀਖਿਆ ਮਿਤੀ 03-7-2015 ਨੂੰ ਸਬੰਧਤ ਜ਼ਿਲ੍ਹੇ ਦੇ ਨੱਥੀ ਬਿਲਡਿੰਗ ਨੋਟਿਸ ਅਨੁਸਾਰ ਕਰਵਾਈ ਜਾ ਰਹੀ ਹੈ। ਲਿਖਤੀ ਪ੍ਰੀਖਿਆ ਸਮਾਪਤ ਹੋਣ ਉਪਰੰਤ ਪ੍ਰਯੋਗੀ ਪ੍ਰੀਖਿਆ ਦਾ ਸੰਚਾਲਨ ਵੀ ਆਪ ਦੇ ਸਕੂਲ ਵਿਖੇ ਹੀ ਕਰਵਾਇਆ ਜਾਣਾ ਹੈ। ਜਿਹਨਾਂ ਪ੍ਰੀਖਿਆਰਥੀਆਂ ਨੇ ਆਪਣੇ ਦਾਖਲਾ ਫਾਰਮ ਵਿੱਚ ਪ੍ਰਯੋਗੀ ਪ੍ਰੀਖਿਆ ਦੁਬਾਰਾ ਦੇਣ ਲਈ ਸਹਿਮਤੀ ਦਿੱਤੀ ਹੈ, ਉਹਨਾਂ ਪ੍ਰੀਖਿਆਰਥੀਆਂ ਦੀ ਵਿਸ਼ੇ ਵਾਈਜ ਸੂਚੀਆਂ ਆਪ ਨੂੰ ਭੇਜੀਆ ਜਾ ਰਹੀਆਂ ਹਨ। ਲਿਖਤੀ ਪ੍ਰੀਖਿਆ ਦੌਰਾਨ ਪ੍ਰਯੋਗੀ ਪ੍ਰੀਖਿਆ ਦੇਣ ਵਾਲੇ ਪ੍ਰੀਖਿਆਰਥੀਆਂ ਨੂੰ ਪ੍ਰਯੋਗੀ ਪ੍ਰੀਖਿਆ ਦਾ ਸਮਾਂ ਮਿਤੀ ਅਤੇ ਸਥਾਨ ਨੋਟ ਕਰਵਾਉਣ ਉਪਰੰਤ ਉਹਨਾਂ ਦੇ ਹਸਤਾਖਰ ਚਾਰਟ ਕੇਂਦਰ ਕੰਟਰੋਲਰ ਨੂੰ ਸੌਂਪਣ ਦੀ ਖੇਚਲ ਕੀਤੀ ਜਾਵੇ। ਇਹ ਪ੍ਰਯੋਗੀ ਪ੍ਰੀਖਿਆ ਸਵੇਰੇ 09.00 ਤੋਂ ਸ਼ਾਮ 06.00 ਵਜੇ ਤੱਕ ਪ੍ਰੀਖਿਆਰਥੀਆਂ ਦੀ ਸੁਵਿਧਾ ਅਨੁਸਾਰ ਗਰੁੱਪ ਬਣਾ ਕੇ ਕਰਵਾਈ ਜਾਵੇ। ਜੇਕਰ ਕੋਈ ਪ੍ਰੀਖਿਆਰਥੀ ਆਪਣੀ ਅਣਗਿਹਲੀ ਨਾਲ ਪ੍ਰਯੋਗੀ ਪ੍ਰੀਖਿਆ ਦੇਣ ਤੋਂ ਵਾਂਝਾ ਰਹਿ ਜਾਂਦਾ ਹੈ, ਤਾਂ ਦਫ਼ਤਰ ਵਲੋਂ ਉਸ ਦੀ ਪ੍ਰਯੋਗੀ ਪ੍ਰੀਖਿਆ ਦਾ ਕੋਈ ਪ੍ਰਬੰਧ ਨਹੀ ਕੀਤਾ ਜਾਵੇਗਾ ਜਿਸ ਦੀ ਸਾਰੀ ਜਿੰਮੇਵਾਰੀ ਉਸ ਦੀ ਆਪਣੀ ਹੋਵੇਗੀ।

ਪ੍ਰਯੋਗੀ ਪ੍ਰੀਖਿਆ ਆਪ ਦੇ ਸਕੂਲ ਦੇ ਲੈਕਚਰਾਰ/ਅਧਿਆਪਕ ਵੱਲੋਂ ਮੌਕੇ ਤੇ ਹੀ ਪੇਪਰ ਸੈੱਟ ਕਰਕੇ ਕਰਵਾਈ ਜਾਵੇਗੀ। ਜੇਕਰ ਸਕੂਲ ਵਿੱਚ ਸਬੰਧਤ ਪ੍ਰਯੋਗੀ ਵਿਸ਼ੇ ਦਾ ਪ੍ਰੀਖਿਅਕ ਨਹੀਂ ਹੈ ਤਾਂ ਆਪ ਵਲੋਂ ਜ਼ਿਲ੍ਹਾ ਸਿੱਖਿਆ ਅਫ਼ਸਰ(ਸ)/ਜ਼ਿਲ੍ਹਾ ਸਾਇੰਸ ਸੁਪਰਵਾਈਜਰ ਨਾਲ ਤਾਲਮੇਲ ਕਰਕੇ ਪ੍ਰਬੰਧ ਕਰ ਲਿਆ ਜਾਵੇ। ਪ੍ਰੀਖਿਆ ਖਤਮ ਹੋਣ ਉਪਰੰਤ ਮਿਤੀ 4-7-2015 ਨੂੰ ਵਿਸ਼ੇਵਾਰ ਅਵਾਰਡਾਂ ਸੀਲਬੰਦ ਲਿਫਾਫੇ ਵਿੱਚ ਬੰਦ ਕਰਕੇ ਸਹਾਇਕ ਸਕੱਤਰ (ਗੁਪਤ-2) ਪੰਜਾਬ ਸਕੂਲ ਸਿੱਖਿਆ ਬੋਰਡ ਫੇਜ਼-8, ਐਸ.ਏ.ਐਸ ਨਗਰ , ਕੋਲ ਦਸਤੀ ਜਾਂ ਡਾਕ ਰਾਹੀਂ ਤੁਰੰਤ ਭੇਜਿਆ ਜਾਣ।

ਨੱਥੀ: ਬਿਲਡਿੰਗ ਨੋਟਿਸ

23/06/15

ਉਪ ਸਕੱਤਰ(ਕਾਰਜ ਸੰਚਾਲਨ)

ਵਾਸਤੇ ਸਕੱਤਰ

# ਪੰਜਾਬ ਸਕੂਲ ਸਿੱਖਿਆ ਬੋਰਡ

## ਬਿਲਡਿੰਗ ਨੋਟਿਸ(ਬਾਰ੍ਹਵੀਂ ਸ਼੍ਰੇਣੀ ਅਨੁਪੂਰਕ ਪ੍ਰਯੋਗੀ ਪ੍ਰੀਖਿਆ) 03 ਜੁਲਾਈ 2015

## (ਓਪਨ ਸਕੂਲ ਨੂੰ ਛੱਡ ਕੇ)

| ਲੋੜ ਸਮੇਂ ਸੰਪਰਕ ਕਰੋ: | ਟੈਲੀਫੋਨ ਨੰਬਰ: |
|---|---|
| 1 ਕੰਟਰੋਲ ਰੂਮ(ਕੰਟਰੋਲਰ ਪ੍ਰੀਖਿਆਵਾਂ) | ਦਫਤਰ 0172-3047263, ਫੈਕਸ ਨੰ: 0172-3047262 |
| 2 ਉਪ ਸਕੱਤਰ (ਕਾਰਜ ਸੰਚਾਲਨ) | ਦਫਤਰ 0172-3047320, ਫੈਕਸ ਨੰ: 3047352 |
| 3. ਸਹਾਇਕ ਸਕੱਤਰ (ਕਾਰਜ ਸੰਚਾਲਨ) | ਦਫਤਰ 0172-3047321 |

**ਸਮਾਂ:- ਸਵੇਰੇ 09.00 ਵਜੇ ਤੋਂ ਸ਼ਾਮ 6.00 ਵਜੇ ਤੱਕ** **(ਸਾਰੇ ਗਰੁੱਪ ਅਤੇ ਸਾਰੇ ਵਿਸ਼ੇ)**

| ਵਿਸ਼ਾ/ਵਿਸ਼ੇ | | ਪ੍ਰਯੋਗੀ ਪ੍ਰੀਖਿਆ ਦਾ ਸਮਾਂ |
|---|---|---|
| ਡਰਾਇੰਗ ਐਂਡ ਪੇਂਟਿੰਗ, ਵਪਾਰਕ ਕਲਾ, ਮਾਡਲਿੰਗ ਅਤੇ ਮੂਰਤੀਕਲਾ | 4 ਘੰਟੇ | ਸਵੇਰੇ ਦਾ ਸੈਸ਼ਨ 9.00 ਵਜੇ ਤੋਂ 1.00 ਵਜੇ ਤੱਕ<br>ਸ਼ਾਮ ਦਾ ਸੈਸ਼ਨ 2.00 ਵਜੇ ਤੋਂ 6.00 ਵਜੇ ਤੱਕ |
| ਸਰੀਰਕ ਸਿੱਖਿਆ ਅਤੇ ਖੇਡਾਂ (ਹਿਊ:) | 4 ਘੰਟੇ | ਖੇਡਾਂ ਸਵੇਰੇ 9.00 ਵਜੇ ਤੋਂ 11.00 ਵਜੇ ਤੱਕ<br>ਅਥਲੈਟਿਕ ਸ਼ਾਮ 3.00 ਵਜੇ ਤੋ. 5.00 ਵਜੇ ਤੱਕ |
| ਕਮਰਸ਼ੀਅਲ ਆਰਟ ਅਤੇ ਡਰਾਇੰਗ<br>ਡਿਜਾਇਨ ਅਤੇ ਲੇ-ਆਊਟ | 5 ਘੰਟੇ | ਸਵੇਰੇ 9.00 ਵਜੇ ਤੋਂ 12.00 ਵਜੇ ਤੱਕ<br>ਸ਼ਾਮ 3.00 ਵਜੇ ਤੋਂ 5.00 ਵਜੇ ਤੱਕ |
| ਸਾਰੇ ਗਰੁੱਪਾਂ ਦੇ ਬਾਕੀ ਵਿਸ਼ਿਆਂ ਲਈ-ਸਮਾਂ | 3 ਘੰਟੇ | ਸਵੇਰੇ 9.00 ਵਜੇ ਤੋਂ 12.00 ਵਜੇ ਤੱਕ ਸ਼ਾਮ 2.00 ਵਜੇ ਤੋਂ 5.00 ਵਜੇ ਤੱਕ |
| ਸੰਗੀਤ ਸਾਜ਼/ਅਵਾਜ਼/ਤਬਲਾ/ਗੁਰਮਤਿ ਸੰਗੀਤ/ਡਾਂਸ | 20 ਮਿੰਟ | ਸਵੇਰੇ 9.00 ਵਜੇ ਤੋਂ 9.20 ਵਜੇ ਤੱਕ ਅਤੇ ਸਵੇਰੇ 9.30 ਵਜੇ ਤੋਂ 9.50 ਵਜੇ ਤੱਕ |
| ਫਰੈਂਚ/ਜਰਮਨ/ਰਸ਼ੀਅਨ/ਕੋਰੀਅਨ | 9 ਮਿੰਟ | ਸਵੇਰੇ 9.00 ਵਜੇ ਤੋਂ 9.09 ਵਜੇ ਤੱਕ ਅਤੇ ਸਵੇਰੇ 9.10 ਵਜੇ ਤੋਂ 9.19 ਵਜੇ ਤੱਕ |
| ਫੰਡਾਮੈਂਟਲਜ਼ ਆਫ ਈ-ਬਿਜ਼ਨਸ, ਅਕਾਊਂਟੈਂਸੀ-II | ਡੇਢ ਘੰਟਾ | ਸਵੇਰੇ 9.00 ਵਜੇ ਤੋਂ 10.30 ਵਜੇ ਤੱਕ , 11.00 ਵਜੇ ਤੋਂ 12.30 ਵਜੇ ਤੱਕ<br>ਸ਼ਾਮ 1.00 ਵਜੇ ਤੋਂ 2.30 ਵਜੇ ਤੱਕ, 3.00 ਵਜੇ ਤੋਂ 4.30 ਵਜੇ ਤੱਕ |

| ਲੜੀ ਨੰ: | ਜ਼ਿਲ੍ਹਾ | ਪ੍ਰੀਖਿਆ ਕੇਂਦਰ ਦਾ ਨਾਂ |
|---|---|---|
| 1. | ਅੰਮ੍ਰਿਤਸਰ | ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਦੀ ਮਾਲ ਰੋਡ |
| 2. | ਬਠਿੰਡਾ | ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਬਠਿੰਡਾ |
| 3. | ਬਰਨਾਲਾ | ਡਾ.ਰਘੁਬੀਰ ਪ੍ਰਕਾਸ਼ ਐਸ.ਡੀ. ਸੀਨੀਅਰ ਸੈਕੰਡਰੀ ਸਕੂਲ, ਬਰਨਾਲਾ |
| 4. | ਫਰੀਦਕੋਟ | ਡਾ.ਮਹਿੰਦਰ ਬਰਾੜ ਸਾਂਭੀ ਸ.ਕੰ.ਸੀਨੀਅਰ ਸੈਕੰਡਰੀ ਸਕੂਲ,ਫਰੀਦਕੋਟ |
| 5. | ਫਤਿਹਗੜ੍ਹ ਸਾਹਿਬ | ਮਾਤਾ ਗੁਜਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਫਤਿਹਗੜ੍ਹ ਸਾਹਿਬ |
| 6. | ਫਾਜਿਲਕਾ | ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਫਾਜਿਲਕਾ |
| 7. | ਫਿਰੋਜ਼ਪੁਰ | ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਫਿਰੋਜਪੁਰ |
| 8. | ਗੁਰਦਾਸਪੁਰ | ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਗੁਰਦਾਸਪੁਰ |
| 9. | ਹੁਸ਼ਿਆਰਪੁਰ | ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਰੇਲਵੇ ਮੰਡੀ |
| 10. | ਜਲੰਧਰ | ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਨਹਿਰੂ ਗਾਰਡਨ |
| 11. | ਕਪੂਰਥਲਾ | ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਕਪੂਰਥਲਾ |
| 12. | ਲੁਧਿਆਣਾ | ਸ਼ਹੀਦ-ਏ-ਆਜਮ ਸੁਖਦੇਵ ਥਾਪਰ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਭਾਰਤ ਨਗਰ ਚੌਂਕ |
| 13. | ਮਾਨਸਾ | ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਮਾਨਸਾ |
| 14. | ਮੋਗਾ | ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਮੋਗਾ |
| 15. | ਸ਼੍ਰੀ ਮੁਕਤਸਰ ਸਾਹਿਬ | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ(ਲੜਕੇ), ਸ਼੍ਰੀ ਮੁਕਤਸਰ ਸਾਹਿਬ |
| 16. | ਐਸ.ਐਸ.ਬੀ.ਨਗਰ | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਐਸ.ਬੀ.ਐਸ ਨਗਰ |
| 17. | ਪਠਾਨਕੋਟ | ਸ਼ਹੀਦ ਮੱਖਣ ਸਿੰਘ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਪਠਾਨਕੋਟ |
| 18. | ਪਟਿਆਲਾ | ਸਰਕਾਰੀ ਵਿਕਟੋਰੀਆ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ |
| 19. | ਰੂਪ ਨਗਰ | ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਰੂਪ ਨਗਰ |
| 20. | ਐਸ.ਏ.ਐਸ ਨਗਰ | ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਫੇਜ਼-3ਬੀ-1 |
| 21. | ਸੰਗਰੂਰ | ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਸੰਗਰੂਰ |
| 22. | ਤਰਨਤਾਰਨ | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ(ਲੜਕੇ), ਤਰਨਤਾਰਨ |

ਐਸ.ਏ.ਐਸ ਨਗਰ
ਮਿਤੀ:23-06-2015

(ਸਭ ਹੱਕ ਰਾਖਵੇਂ ਹਨ)

ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ